28-Oct-Punjab-2Star.qxd 10/28/2025 9:51 PM Page 1

ਅਜੀਤ ਪੰਜਾਬ
3
ਅਜੀਤ, ਬਠਿੰਡਾ
ਬੁੱਧਵਾਰ, 29 ਅਕਤੂਬਰ, 2025

# ਪੁਲਿਸ ਨੂੰ 12 ਦਿਨਾਂ ਬਾਅਦ ਮਿਲਿਆ ਮ੍ਰਿਤਕ ਅਕੀਲ ਅਖ਼ਤਰ ਦਾ ਮੋਬਾਈਲ ਤੇ ਲੈਪਟਾਪ

## ਫੋਰੈਂਸਿਕ ਜਾਂਚ ਲਈ ਭੇਜਿਆ ਜਾਵੇਗਾ-ਵਿਕਰਮ ਨਹਿਰਾ

ਪੰਚਕੂਲਾ, 28 ਅਕਤੂਬਰ (ਕਪਿਲ)-ਪੰਜਾਬ ਦੇ ਸਾਬਕਾ ਡੀ. ਜੀ. ਪੀ. ਮੁਹੰਮਦ ਮੁਸਤਫ਼ਾ ਦੇ ਪੁੱਤਰ ਅਕੀਲ ਅਖਤਰ ਦੀ ਮੌਤ ਦੇ ਮਾਮਲੇ 'ਚ ਜਾਂਚ ਕਰ ਰਹੀ ਐਸ. ਆਈ. ਟੀ. ਟੀਮ ਨੂੰ 12 ਦਿਨਾਂ ਬਾਅਦ ਅਕੀਲ ਅਖ਼ਤਰ ਦਾ ਉਹ ਮੋਬਾਈਲ ਮਿਲ ਗਿਆ, ਜਿਸ ਨਾਲ ਅਕੀਲ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟਾਂ ਪਾਈਆਂ ਸਨ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਸ. ਆਈ. ਟੀ. ਦੇ ਮੁਖੀ ਏ. ਸੀ. ਪੀ. ਵਿਕਰਮ ਨਹਿਰਾ ਨੇ ਦੱਸਿਆ ਕਿ ਅਕੀਲ ਅਖ਼ਤਰ ਦਾ ਲੈਪਟਾਪ ਵੀ ਅੱਜ ਐਸ. ਆਈ. ਟੀ. ਨੇ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਕੀਲ ਅਖ਼ਤਰ ਦੇ ਘਰ ਦੀ ਤਲਾਸ਼ੀ ਲਗਭਗ ਪੂਰੀ ਹੋ ਗਈ ਹੈ ਤੇ ਪੁਲਿਸ ਜਲਦ ਹੀ ਮੋਬਾਈਲ ਅਤੇ ਲੈਪਟਾਪ ਨੂੰ ਫੋਰੈਂਸਿਕ ਜਾਂਚ ਲਈ ਭੇਜੇਗੀ। ਉਨ੍ਹਾਂ ਕਿਹਾ ਕਿ ਫੋਰੈਂਸਿਕ ਜਾਂਚ ਦੌਰਾਨ ਇਹ ਸਪੱਸ਼ਟ ਹੋਵੇਗਾ ਕਿ ਅਕੀਲ ਅਖ਼ਤਰ ਦੇ ਮੋਬਾਈਲ ਤੇ ਲੈਪਟਾਪ ਨਾਲ ਕੋਈ ਛੇੜਛਾੜ ਹੋਈ ਹੈ ਜਾਂ ਨਹੀਂ। ਇਸ ਤੋਂ ਪਹਿਲਾਂ ਐਸ. ਆਈ. ਟੀ. ਨੂੰ ਅਕੀਲ ਅਖ਼ਤਰ ਦਾ ਪੁਰਾਣਾ ਮੋਬਾਈਲ ਫ਼ੋਨ ਤੇ ਉਸ ਦੀ ਪਤਨੀ ਦਾ ਲੈਪਟਾਪ ਮਿਲਿਆ ਸੀ। ਐਸ. ਆਈ. ਟੀ. ਨੇ ਅੱਜ ਪੰਜਾਬ ਪੁਲਿਸ ਦੇ ਉਨ੍ਹਾਂ 11 ਕਰਮਚਾਰੀਆਂ ਨੂੰ ਪੁੱਛਗਿੱਛ ਲਈ ਸੱਦਿਆ, ਜੋ ਕਿ ਮੁਸਤਫ਼ਾ



● ਜਾਣਕਾਰੀ ਦਿੰਦੇ ਹੋਏ ਐਸ. ਆਈ. ਟੀ. ਮੁਖੀ ਏ. ਸੀ. ਪੀ. ਵਿਕਰਮ ਨਹਿਰਾ। ਤਸਵੀਰ : ਕਪਿਲ

ਦੀ ਸੁਰੱਖਿਆ 'ਚ ਤਾਇਨਾਤ ਸਨ, ਜਦਕਿ ਬੀਤੇ ਕੱਲ੍ਹ ਵੀ 9 ਪੁਲਿਸ ਕਰਮਚਾਰੀਆਂ ਨਾਲ ਪੁੱਛਗਿੱਛ ਕੀਤੀ ਗਈ ਸੀ। ਪੁਲਿਸ ਅਨੁਸਾਰ ਹੁਣ ਤੱਕ ਜਿਨ੍ਹਾਂ ਲੋਕਾਂ ਦੇ ਬਿਆਨ ਦਰਜ ਕੀਤੇ ਗਏ ਹਨ, ਉਨ੍ਹਾਂ 'ਚ ਅਕੀਲ ਅਖ਼ਤਰ ਅਤੇ ਪਰਿਵਾਰ ਵਿਚਕਾਰ ਅਣ-ਬਣ ਹੋਣ ਦੀ ਪੁਸ਼ਟੀ ਹੋਈ ਹੈ। ਐਸ. ਆਈ. ਟੀ. ਸਾਬਕਾ ਡੀ. ਜੀ. ਪੀ. ਮੁਸਤਫ਼ਾ ਦੇ ਘਰ ਦੇ ਬਾਹਰ ਲੱਗੇ ਸੀ. ਸੀ. ਟੀ. ਵੀ. ਫੁਟੇਜ਼ ਦੀ ਵੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਡਾਇਰੀ ਤੋਂ ਬਾਅਦ ਹੁਣ ਮੋਬਾਈਲ ਅਤੇ ਲੈਪਟਾਪ ਵੀ ਮਿਲ ਗਏ ਹਨ। ਉਨ੍ਹਾਂ ਦੱਸਿਆ ਕਿ ਘਟਨਾ ਵਾਲੀ ਥਾਂ ਤੋਂ ਕਈ ਅਹਿਮ ਸਬੂਤ ਮਿਲੇ ਹਨ। ਉਨ੍ਹਾਂ ਦੱਸਿਆ ਕਿ ਸਾਬਕਾ ਡੀ. ਜੀ. ਪੀ. ਮੁਸਤਫ਼ਾ ਦੇ ਘਰ 'ਚ ਕੰਮ ਕਰਨ ਵਾਲੇ ਨੌਕਰਾਂ ਨੂੰ ਵੀ ਜਾਂਚ 'ਚ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਵੇਂ ਹੀ ਪੁਲਿਸ ਜਾਂਚ ਪੂਰੀ ਹੋਵੇਗੀ ਤਾਂ ਇਸ ਮਾਮਲੇ 'ਚ ਸਾਬਕਾ ਡੀ. ਜੀ. ਪੀ. ਮੁਹੰਮਦ ਮੁਸਤਫ਼ਾ, ਉਨ੍ਹਾਂ ਦੀ ਪਤਨੀ ਅਤੇ ਹੋਰਨਾਂ ਲੋਕਾਂ ਨੂੰ ਵੀ ਪੁੱਛਗਿੱਛ 'ਚ ਸ਼ਾਮਿਲ ਕੀਤਾ ਜਾਵੇਗਾ।

**ਮਾਮਲਾ ਸਾਬਕਾ ਡੀ.ਜੀ.ਪੀ. ਦੇ ਪੁੱਤਰ ਦੀ ਸ਼ੱਕੀ ਹਾਲਾਤ 'ਚ ਹੋਈ ਮੌਤ ਦਾ**

# ਮਾਨਸਾ 'ਚ ਆਰ.ਟੀ.ਆਈ. ਕਾਰਕੁੰਨ ਦੇ ਚਾਚੇ ਦੀ ਦੁਕਾਨ 'ਤੇ ਚਲਾਈਆਂ ਗੋਲੀਆਂ

## ਲੋਕਾਂ 'ਚ ਦਹਿਸ਼ਤ ਦਾ ਮਾਹੌਲ, ਅੱਜ ਸ਼ਹਿਰ ਬੰਦ ਰੱਖਣ ਦਾ ਐਲਾਨ

ਮਾਨਸਾ, 28 ਅਕਤੂਬਰ (ਗੁਰਚੇਤ ਸਿੰਘ ਫੱਤੇਵਾਲੀਆ)-ਸਥਾਨਕ ਸ਼ਹਿਰ 'ਚ ਅਣਪਛਾਤੇ ਵਿਅਕਤੀਆਂ ਨੇ ਉੱਘੇ ਆਰ.ਟੀ.ਆਈ. ਕਾਰਕੁੰਨ ਮਾਨਿਕ ਗੋਇਲ ਦੇ ਚਾਚੇ ਦੀ ਦੁਕਾਨ 'ਤੇ ਫਾਇਰਿੰਗ ਕਰ ਦਿੱਤੀ, ਜਿਸ ਨਾਲ ਸ਼ਹਿਰ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਕਾਲੇ ਰੰਗ ਦੇ ਬਿਨਾਂ ਨੰਬਰੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਇਨ੍ਹਾਂ ਨੌਜਵਾਨਾਂ ਵਲੋਂ ਪੈਸਟੀਸਾਈਡਜ਼ ਦੀ ਦੁਕਾਨ 'ਗੁਰੂ ਸ਼ਕਤੀ ਟਰੇਡਿੰਗ ਕੰਪਨੀ' ਦੇ ਗੇਟ ਦੇ ਸ਼ੀਸ਼ਿਆਂ 'ਤੇ ਗੋਲੀ ਚਲਾ ਕੇ ਸ਼ੀਸ਼ਾ ਤੋੜ ਦਿੱਤਾ ਅਤੇ 2 ਫਾਇਰ ਫ਼ਰਸ਼ 'ਤੇ ਕੀਤੇ ਗਏ ਪਰ ਦੁਕਾਨ ਮਾਲਕ ਸਤੀਸ਼ ਕੁਮਾਰ ਨੀਟਾ ਤੇ ਉਸ ਦੇ ਕਰਿੰਦੇ ਵਾਲ-ਵਾਲ ਬਚ ਗਏ। ਉਪਰੰਤ ਹਮਲਾਵਰ ਜਦੋਂ ਭਗਤ ਸਿੰਘ ਚੌਂਕ ਕੋਲ ਗਏ ਤਾਂ ਹੜਬੜਾਹਟ 'ਚ ਉਨ੍ਹਾਂ ਦਾ ਮੋਟਰਸਾਈਕਲ ਸਕੂਟਰੀ ਨਾਲ ਟਕਰਾਅ ਗਿਆ। ਜਦੋਂ ਲੋਕਾਂ ਨੇ ਉਨ੍ਹਾਂ ਨੂੰ ਫੜਨਾ ਚਾਹਿਆ ਤਾਂ ਬਦਮਾਸ਼ਾਂ ਨੇ ਮੁੜ ਗੋਲੀਆਂ ਚਲਾ ਦਿੱਤੀਆਂ। ਇਸੇ ਦੌਰਾਨ ਇਕ ਬਜ਼ੁਰਗ ਵਲੋਂ ਉਨ੍ਹਾਂ ਨੂੰ ਫੜਨ ਲਈ ਕਾਫ਼ੀ ਸਮਾਂ ਜੱਦੋ-ਜਹਿਦ ਕੀਤੀ ਪਰ ਉਹ ਮੋਟਰਸਾਈਕਲ ਸੁੱਟ ਕੇ ਪੈਦਲ ਫ਼ਰਾਰ ਹੋਣ 'ਚ ਸਫਲ ਹੋ ਗਏ। ਬਾਅਦ 'ਚ ਪੁਲਿਸ ਵਲੋਂ

(ਬਾਕੀ ਸਫ਼ਾ 10 'ਤੇ)

# ਅਮਰੀਕਾ 'ਚ 20 ਦਿਨਾਂ ਤੋਂ ਲਾਪਤਾ ਨੌਜਵਾਨ ਦੀ ਨਹਿਰ 'ਚੋਂ ਮਿਲੀ ਲਾਸ਼

ਖਨੌਰੀ, 28 ਅਕਤੂਬਰ (ਬਲਵਿੰਦਰ ਸਿੰਘ ਥਿੰਦ)-ਕਰੀਬ ਢਾਈ ਸਾਲ ਪਹਿਲਾਂ ਅਮਰੀਕਾ ਗਏ ਖਨੌਰੀ ਨੇੜਲੇ ਪਿੰਡ ਮੰਡਵੀ ਦਾ ਰਹਿਣ ਵਾਲਾ ਨੌਜਵਾਨ ਕਰਨਦੀਪ ਸਿੰਘ 8 ਅਕਤੂਬਰ ਤੋਂ ਲਾਪਤਾ ਸੀ। ਜਿਸਦੀ ਲਾਸ਼ 20 ਦਿਨਾ ਬਾਅਦ ਅਮਰੀਕਾ ਵਿਖੇ ਇੱਕ ਨਹਿਰ ਵਿਚੋਂ ਮਿਲੀ। ਇਸ ਬਾਰੇ ਜਾਣਕਾਰੀ ਦਿੰਦਿਆਂ ਪਿੰਡ ਮੰਡਵੀ ਦੇ ਰਹਿਣ ਵਾਲੇ ਚਰਨਜੀਤ



(ਬਾਕੀ ਸਫ਼ਾ 10 'ਤੇ)

# ਗੈਰ ਕਾਨੂੰਨੀ ਸਰਗਰਮੀਆਂ ਤੇ ਅਸਲ੍ਹਾ ਐਕਟ ਦੇ ਮਾਮਲੇ 'ਚ ਭਾਈ ਜਗਤਾਰ ਸਿੰਘ ਤਾਰਾ ਬਰੀ

## ਸਾਲ 2009 ਨੂੰ ਥਾਣਾ ਭੋਗਪੁਰ ਵਿਖੇ ਦਰਜ ਕੀਤਾ ਗਿਆ ਸੀ ਮਾਮਲਾ

ਜਲੰਧਰ, 28 ਅਕਤੂਬਰ (ਚੰਦੀਪ ਭੱਲਾ)-ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜੀਵ ਕੁਮਾਰ ਬੇਰੀ ਦੀ ਅਦਾਲਤ ਨੇ ਸਾਲ 2009 ਦੇ 16 ਸਾਲ ਪੁਰਾਣੇ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਅਤੇ ਅਸਲਾ ਐਕਟ ਦੇ ਮਾਮਲੇ 'ਚ ਗ੍ਰਿਫ਼ਤਾਰ ਅਤੇ ਬੁੜੈਲ ਜੇਲ੍ਹ 'ਚ ਬੰਦ ਭਾਈ ਜਗਤਾਰ ਸਿੰਘ ਤਾਰਾ ਪੁੱਤਰ ਸਾਧੂ ਸਿੰਘ ਵਾਸੀ ਡੇਕ ਵਾਲਾ, ਥਾਣਾ ਸਦਰ ਰੋਪੜ ਹਾਲ ਵਾਸੀ ਭਗਵੰਤਪੁਰਾ, ਰੋਪੜ ਨੂੰ ਦੋਸ਼ ਸਾਬਤ ਨਾ ਹੋਣ 'ਤੇ ਬਰੀ ਕੀਤੇ ਜਾਣ ਦਾ ਹੁਕਮ ਦਿੱਤਾ ਹੈ। ਇਸ ਸਬੰਧੀ ਭਾਈ ਤਾਰਾ ਦੇ ਵਕੀਲ ਕੇ.ਐੱਸ. ਹੁੰਦਲ ਨੇ ਦੱਸਿਆ ਕਿ ਭਾਈ ਤਾਰਾ ਦੇ ਖ਼ਿਲਾਫ਼ ਮਿਤੀ 28 ਸਤੰਬਰ 2009 ਥਾਣਾ ਭੋਗਪੁਰ ਵਿਖੇ 17, 18, 20 ਅਨਲਾਅਫੁੱਲ ਐਕਟੀਵਿਟੀਜ਼ ਅਤੇ ਅਸਲਾ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਵਕੀਲ ਕੇ.ਐੱਸ. ਹੁੰਦਲ ਨੇ ਦੱਸਿਆ ਕਿ ਭਾਈ ਤਾਰਾ ਖ਼ਿਲਾਫ਼ ਦੋਸ਼ ਸੀ ਕਿ ਉਨ੍ਹਾਂ ਦੇ ਵਿਦੇਸ਼ 'ਚ ਬੈਠੇ ਖਾੜਕੂਆਂ ਜੋ ਕਿ ਦੇਸ਼ ਵਿਰੋਧੀ ਸਰਗਰਮੀਆਂ ਨਾਲ ਜੁੜੇ ਹਨ ਨਾਲ ਲਿੰਕ ਹਨ ਤੇ ਉਹ ਇਸ ਸਬੰਧੀ ਕੀਤੀ ਜਾ ਰਹੀ ਫੰਡਿੰਗ ਨਾਲ ਵੀ ਜੁੜੇ ਹਨ ਤੇ ਉਨ੍ਹਾਂ ਕੋਲੋਂ ਛਾਪੇਮਾਰੀ ਦੌਰਾਨ ਪੁਲਿਸ ਨੂੰ ਅਸਲਾ ਅਤੇ ਦੇਸ਼ 'ਚ ਮਾਹੌਲ ਖ਼ਰਾਬ ਕਰਨ ਨਾਲ ਸਬੰਧਿਤ ਦਸਤਾਵੇਜ਼ ਵੀ ਬਰਾਮਦ ਹੋਏ ਸਨ, ਜਿਸ ਤੋਂ ਬਾਅਦ ਪੁਲਿਸ ਨੇ ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਇਹ ਮਾਮਲਾ ਦਰਜ ਕੀਤਾ



(ਬਾਕੀ ਸਫ਼ਾ 10 'ਤੇ)

# ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਉਸ ਦੇ ਪੁੱਤਰ ਵਿਰੁੱਧ ਅਦਾਲਤ ਵਲੋਂ ਦੋਸ਼ ਤੈਅ

## ਸਹਿ-ਮੁਲਜ਼ਮ ਤੇ ਦੂਜੇ ਪੁੱਤਰ ਹਰਪ੍ਰੀਤ ਸਿੰਘ ਨੂੰ ਭਗੌੜਾ ਐਲਾਨਿਆ

ਐੱਸ. ਏ. ਐੱਸ. ਨਗਰ, 28 ਅਕਤੂਬਰ (ਕਪਿਲ ਵਧਵਾ)-ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵਿਰੁੱਧ ਦਰਜ ਹਵਾਲਾ ਰਾਸ਼ੀ ਮਾਮਲੇ ਵਿਚ ਅੱਜ ਈ. ਡੀ. ਦੀ ਵਿਸ਼ੇਸ਼ ਅਦਾਲਤ ਵਲੋਂ ਅਹਿਮ ਕਾਰਵਾਈ ਕਰਦਿਆਂ ਸਾਬਕਾ ਮੰਤਰੀ ਧਰਮਸੋਤ ਤੇ ਉਸ ਦੇ ਪੁੱਤਰ ਗੁਰਪ੍ਰੀਤ ਸਿੰਘ ਵਿਰੁੱਧ ਦੋਸ਼ ਤੈਅ ਕੀਤੇ ਗਏ, ਜਦਕਿ ਉਸ ਦੇ ਦੂਜੇ ਪੁੱਤਰ ਹਰਪ੍ਰੀਤ ਸਿੰਘ ਤੇ ਸਹਿ-



(ਬਾਕੀ ਸਫ਼ਾ 10 'ਤੇ)

# ਫਗਵਾੜਾ 'ਚ ਈ-ਰਿਕਸ਼ਾ ਚਾਲਕ ਦੀ ਗੋਲੀ ਮਾਰ ਕੇ ਹੱਤਿਆ

ਫਗਵਾੜਾ, 28 ਅਕਤੂਬਰ (ਹਰਜੋਤ ਸਿੰਘ ਚਾਨਾ)-ਛੱਠ ਪੂਜਾ ਦੀ ਰਾਤ ਫਗਵਾੜਾ 'ਚ ਅੱਧੀ ਰਾਤ ਨੂੰ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਅਣਪਛਾਤੇ ਹਮਲਾਵਰਾਂ ਨੇ ਬਾਬਾ ਗਧੀਆ ਦੇ ਇਲਾਕੇ 'ਚ ਸਥਿਤ ਸੁਵਿਧਾ ਕੇਂਦਰ ਦੇ ਨੇੜੇ ਅੱਧੀ ਰਾਤ ਨੂੰ ਈ-ਰਿਕਸ਼ਾ ਚਾਲਕ ਨੂੰ ਗੋਲੀ ਮਾਰ ਦਿੱਤੀ ਜਿਸ ਨੂੰ ਤੁਰੰਤ ਇਲਾਜ ਲਈ ਸਿਵਲ



(ਬਾਕੀ ਸਫ਼ਾ 10 'ਤੇ)






● ਲਖਨਪੁਰ ਜੰਮੂ ਦੇ ਗੁਰਦੁਆਰਾ ਸਾਹਿਬ ਵਿਖੇ ਸਜੇ ਗੁਰਮਤਿ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਤੇ ਬਾਬਾ ਮਹਿੰਦਰ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕਰਦੇ ਹੋਏ, ਨਾਲ ਸੁਖਵਰਸ਼ ਸਿੰਘ ਪੰਨੂ, ਸੀ: ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਅਤੇ ਹੋਰ। ਅਜੀਤ ਤਸਵੀਰ

# ਸ਼ਹੀਦੀ ਸ਼ਤਾਬਦੀ ਸੰਬੰਧੀ ਨਗਰ ਕੀਰਤਨ ਸਜਾਉਣ ਲਈ ਅੱਜ ਜੰਮੂ-ਕਸ਼ਮੀਰ ਦੇ ਉਪ-ਰਾਜਪਾਲ ਨਾਲ ਕਰਾਂਗੇ ਮੁਲਾਕਾਤ-ਧਾਮੀ

## ਲਖਨਪੁਰ ਜੰਮੂ ਵਿਖੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਦਾ ਨਵਾਂ ਦਰਬਾਰ ਹਾਲ ਸੰਗਤ ਅਰਪਣ

ਅੰਮ੍ਰਿਤਸਰ, 28 ਅਕਤੂਬਰ (ਜਸਵੰਤ ਸਿੰਘ ਜੱਸ)-ਜੰਮੂ ਸਥਿਤ ਲਖਨਪੁਰ ਵਿਖੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਦੇ ਨਵੇਂ ਦਰਬਾਰ ਹਾਲ ਦੀ ਸੇਵਾ ਮੁਕੰਮਲ ਹੋਣ 'ਤੇ ਅੱਜ ਵਿਸ਼ੇਸ਼ ਗੁਰਮਤਿ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਗਤ ਅਰਪਣ ਕੀਤਾ ਗਿਆ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸੁਸ਼ੋਭਿਤ ਕਰਨ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਭਾਈ। ਸ਼੍ਰੋਮਣੀ ਕਮੇਟੀ ਵਲੋਂ ਇਸ ਕਾਰਜ ਦੀ ਸੇਵਾ ਬਾਬਾ ਜਗਤਾਰ ਸਿੰਘ ਤੇ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਵਾਲਿਆਂ ਨੂੰ ਸੌਂਪੀ ਗਈ ਸੀ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਜਗਤ ਵਲੋਂ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਸ਼ਤਾਬਦੀ ਇਸੇ ਸਾਲ ਨਵੰਬਰ ਮਹੀਨੇ ਮਨਾਈ ਜਾ ਰਹੀ ਹੈ। ਐਡ. ਧਾਮੀ ਨੇ ਕਿਹਾ ਕਿ ਕਸ਼ਮੀਰ ਦੇ ਇਲਾਕੇ ਮਟਨ 'ਚ ਨਗਰ

(ਬਾਕੀ ਸਫ਼ਾ 10 'ਤੇ)

# ਜਥੇ: ਗੜਗੱਜ ਦੀ ਦੁਬਾਰਾ ਦਸਤਾਰਬੰਦੀ ਨਾਲ ਸਿੱਖ ਸਿਧਾਂਤਾਂ ਦੀ ਮੁੜ ਹੋਈ ਅਣਦੇਖੀ-ਬਾਬਾ ਬੇਦੀ ਤੇ ਸੰਤ ਸੇਵਾ ਸਿੰਘ

ਗੜ੍ਹਦੀਵਾਲਾ, 28 ਅਕਤੂਬਰ (ਚੱਗਰ)-ਪਿਛਲੇ ਦਿਨੀਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਹੋਈ ਦੁਬਾਰਾ ਦਸਤਾਰਬੰਦੀ ਦੇ ਸੰਬੰਧ ਵਿਚ ਪੰਥ ਦੀਆਂ ਸਤਿਕਾਰਤ ਹਸਤੀਆਂ ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸੰਤ ਸੇਵਾ ਸਿੰਘ ਰਾਮਪੁਰ ਖੇੜਾ ਵਾਲਿਆਂ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ 25 ਅਕਤੂਬਰ ਨੂੰ ਚੋਣਵੀਆਂ ਸ਼ਖ਼ਸੀਅਤਾਂ ਨੂੰ ਸੱਦ ਕੇ ਮੁੜ ਤੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਅਤੇ ਦਸਤਾਰਬੰਦੀ ਕਰਕੇ ਸਿੱਖੀ ਸਿਧਾਂਤਾਂ ਦੀ ਦੁਬਾਰਾ ਤੋਂ ਬੇਅਦਬੀ ਕਰਕੇ ਇਕ ਨਵੀਂ ਪਿਰਤ ਸ਼ੁਰੂ ਕੀਤੀ ਗਈ ਜੋ ਇੱਕ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ 2 ਦਸੰਬਰ 2024 ਨੂੰ ਕਿਸੇ ਹੱਦ ਤੱਕ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਫ਼ੈਸਲਾ ਲੈਣ ਵਾਲੇ ਸਿੰਘ ਸਾਹਿਬਾਨਾਂ ਨੂੰ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਪਰ ਕਾਬਜ਼ ਇੱਕ ਧਿਰ ਵਲੋਂ ਬਿਨਾਂ ਕਿਸੇ ਕਾਰਨ ਬਰਤਰਫ਼ ਕਰਕੇ ਪੰਥ ਦੀ ਰਾਏ ਲੈਣ ਤੋਂ ਬਗੈਰ ਹੀ ਗਿਆਨੀ ਗੜਗੱਜ ਅਤੇ ਗਿਆਨੀ ਟੇਕ ਸਿੰਘ ਧਨੌਲਾ ਨੂੰ ਧੱਕੇ ਨਾਲ ਜਥੇਦਾਰ ਥਾਪਿਆ ਗਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਆਪਹੁਦਰੀ ਕਾਰਵਾਈ ਦਾ ਪੰਥ ਨੇ ਸਖ਼ਤ ਵਿਰੋਧ ਕੀਤਾ ਤੇ ਇੱਕ ਧਿਰ ਵਲੋਂ ਪੰਥ ਉੱਪਰ ਥੋਪੇ ਗਏ ਇਨ੍ਹਾਂ ਜਥੇਦਾਰਾਂ ਨੂੰ ਪ੍ਰਵਾਨ ਨਹੀਂ ਕੀਤਾ ਸੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਮਨਾਂ ਵਿਚ ਇਹ ਸਵਾਲ ਲੰਬੇਰੇ ਸਮੇਂ ਤੋਂ ਚੱਲ ਰਹੇ ਹਨ ਕਿ ਪੰਥਕ ਸਿਧਾਂਤਾਂ ਦੀ ਰਖਵਾਲੀ ਕਰਨ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਉਂ ਖ਼ੁਦ ਹੀ ਇਨ੍ਹਾਂ ਸਿਧਾਂਤਾਂ ਨੂੰ ਵਾਰ-ਵਾਰ ਮਲੀਆਮੇਟ ਕਰ ਰਹੀ ਹੈ? ਦੋ ਦਸੰਬਰ ਦੇ ਫ਼ੈਸਲੇ ਵਿਚ ਸ਼ਾਮਿਲ ਹੋਣ ਵਾਲੇ ਸਿੰਘ ਸਾਹਿਬਾਨਾਂ ਨੂੰ ਕਿਨ੍ਹਾਂ ਕਾਰਨਾਂ ਕਰਕੇ ਬਰਤਰਫ਼ ਕੀਤਾ ਗਿਆ, ਕਿਉਂ




ਸੰਤ ਸੇਵਾ ਸਿੰਘ ਰਾਮਪੁਰ ਖੇੜਾ ਤੇ ਬਾਬਾ ਸਰਬਜੋਤ ਸਿੰਘ ਬੇਦੀ।

(ਬਾਕੀ ਸਫ਼ਾ 10 'ਤੇ)

## ਡਰਾਈਵਰਾਂ ਦੀ ਲੋੜ

ਅਦਾਰਾ 'ਅਜੀਤ' ਨੂੰ ਜਲੰਧਰ ਵਿਖੇ ਤਜਰਬੇਕਾਰ ਡਰਾਈਵਰਾਂ ਦੀ ਲੋੜ ਹੈ। **ਯੋਗਤਾ :** ਘੱਟੋ-ਘੱਟ 5 ਸਾਲ ਦਾ ਤਜਰਬਾ ਅਤੇ LMV ਤੇ LTV License ਹੋਣਾ ਜ਼ਰੂਰੀ। ਉਮੀਦਵਾਰ ਆਪਣਾ ਬਾਇਓਡਾਟਾ ਤੇ ਤਸਵੀਰ ਸਮੇਤ ਹੇਠ ਲਿਖੇ ਪਤੇ 'ਤੇ ਪਹੁੰਚਾਉਣ।

**ਜਨਰਲ ਮੈਨੇਜਰ**
**'ਅਜੀਤ' ਪ੍ਰਕਾਸ਼ਨ ਸਮੂਹ,**
**ਨਹਿਰੂ ਗਾਰਡਨ ਰੋਡ, ਜਲੰਧਰ।**
**Email: ajit@ajitjalandhar.com**




Authorised Dealers: Punjab: Abohar: Surya Hero, 9289922045, Amritsar: Speedways Hero, 9289922041, DEC Speedways Hero, 0183-2581945, Rishabh Hero, 9289922415, Bhatinda: Raunak Hero, 9289922788, Barnala: Bansal Hero, 9289922537, Batala: Unique Hero, 9289922532, Faridkot: Farid Hero, 9289922046, Ferozepur: KS Hero, 9289922043, Gurdaspur: Duggal Hero, 9289922044, Hoshiarpur: BHM Wheels, 9289234916, Jagraon: AS Hero, 9289922688, Jalandhar: Kosmo Hero, GT Road- 9289922739, Jyoti Hero- 9289923129, Jyoti Hero- Nakodar Chowk- 8427052152, Kapurthala: Rajput Hero, 9289922760, Khanna: Twin City Hero, 9289923192, Mandi Gobindgarh: DEC Twin City Hero, 9592159700, Ludhiana: Jyoti Hero- 9289922886, Sai Hero- 9289922583, Ranbir Hero- 9289922973, Kailash Hero- 9289923207, Malerkotla: Venus Hero, 9289922459, Moga: Farid Hero, 9289922500, Mohali: Balaji Hero, 9289922521, Nangal: Reliable Hero, 9417012421, Nawashahr: Imagine Motors, 9289234694, Pathankot: Jamkash Hero, 9289924307, Patiala: S. Goel & Goel Hero, 9289922042, Tulsi Hero, 9289923184, Phagwara: Gomti Hero, 9289922458, Sangrur: Venus Hero, 9289923130, Rajpura: Ram Hero, 9289923128, Ropar: Imagine Automotive Hero, 9289923214, Tarntaran: Harpreet Hero, 9289922757, Chandigarh: Charisma Gold wheels (Ind. Area), 9289922384, Panchkula: Regent Hero, 9289923161.
RS/Hero/10/25

CMYK